# 4

## ਸਵਾਲ:

# ‘‘ਭਲਾ ਕਲੀਸੀਆ ਲਈ ਕੋਈ ਨਮੂਨਾ ਦਿੱਤਾ ਗਿਆ ਸੀ ?’’

## ਜਵਾਬ:

ਵਿਦਵਾਨ ਪ੍ਰਚਾਰਕਾਂ ਨੇ ਇਹ ਦਾਅਵਾ ਕਰਕੇ ਕਿ ਨਵੇਂ ਨੇਮ ਦੀਆਂ ਪੱਤਰੀਆਂ ‘‘ਪ੍ਰੇਮ ਪੱਤਰਾਂ ਦਾ ਸੰਗ੍ਰਹਿ’’ ਹੀ ਹਨ ‘‘ਅਤੇ ਪ੍ਰੇਮ ਪੱਤਰਾਂ ਵਿਚ ਕੋਈ ਕਾਇਦਾ ਨਹੀਂ ਹੁੰਦਾ’’ ਜਵਾਨਾਂ ਨੂੰ ਹੀ ਨਹੀਂ ਬਲਕਿ ਕੁਝ ਬਜ਼ੁਰਗ ਲੋਕਾਂ ਨੂੰ ਵੀ ਗੁਮਰਾਹ ਕੀਤਾ ਹੈ। ਸਚਮੁਚ ਪ੍ਰੇਮ ਪੂਰੇ ਨਵੇਂ ਨੇਮ ਨੂੰ ਹੇਠੋਂ ਮਜ਼ਬੂਤ ਕਰਕੇ ਸਮਾ ਜਾਂਦਾ ਹੈ, ਪਰ ਬਰਕਤ ਇਹ ਸਿਰਫ਼ ਉਨ੍ਹਾਂ ਲਈ ਦਿੰਦਾ ਹੈ ਜਿਹੜੇ ਕਿਸੇ ਖ਼ਾਸ ‘‘ਨਿਯਮ’’ (ਯੂ.: *kanon;* ਗਲਾਤੀਆਂ 6:16) ਮੁਤਾਬਿਕ ਚੱਲਦੇ ਹਨ।

ਕੁਝ ਲੋਕਾਂ ਦਾ ਕਹਿਣਾ ਹੈ ਕਿ ‘‘ਪ੍ਰੇਮ ਪੱਤਰਾਂ ਦਾ ਕੋਈ ਕਾਇਦਾ ਨਹੀਂ ਹੁੰਦਾ’’ ਪਰ ਨਵੇਂ ਨੇਮ ਦੇ ਪ੍ਰੇਮ ਪੱਤਰ ‘‘ਮਸੀਹ ਦੀ ਸ਼ਰ੍ਹਾ’’ (ਗਲਾਤੀਆਂ 6:2) ਉੱਤੇ ਅਧਾਰਿਤ ਹਨ।

ਕਈਆਂ ਦਾ ਮੰਨਣਾ ਹੈ ਕਿ ਸਾਨੂੰ ਪ੍ਰੇਮ ਤਾਂ ਕਰਨਾ ਚਾਹੀਦਾ ਹੈ ਪਰ ਕਿਸੇ ਡਾਕਟ੍ਰਿਨ ਨੂੰ ਨਹੀਂ ਮੰਨਣਾ ਚਾਹੀਦਾ। ਪਰ ਖ਼ੁਦਾ ਦੀ ਪ੍ਰੇਰਣਾ ਨਾਲ ਇਕ ਬੰਦੇ ਨੇ ਜਵਾਨ ਪ੍ਰਚਾਰਕ ਨੂੰ ‘‘ਪੜ੍ਹਾਈ ਕਰਨ, ਉਪਦੇਸ਼ ਕਰਨ, ਸਿੱਖਿਆ ਦੇਣ’’ ਅਤੇ ‘‘ਇਨ੍ਹਾਂ ਗੱਲਾਂ’’ ਨੂੰ ਕਹਿਣ ਅਤੇ ਉਨ੍ਹਾਂ ਉੱਤੇ ‘‘ਧਿਆਨ ਲਾਈ’’ ਰੱਖਣ ਲਈ ਲਿਖਿਆ ‘‘ਕਿਉਂ ਜੋ ਤੂੰ ਇਹ ਕਰਕੇ ਆਪਣੇ ਅਤੇ ਆਪਣੇ ਚੇਲਿਆਂ ਨੂੰ ਬਚਾਵੇਂਗਾ’’ (1 ਤਿਮੋਥਿਉਸ 4:13, 16; KJV)।

ਕਈ ਲੋਕ ਨਮੂਨੇ ਦੇ ਵਿਚਾਰ ਦਾ ਮਜ਼ਾਕ ਉਡਾਉਂਦੇ ਹਨ। ਪਰ ਕਿਸੇ ਦਰਜੀ ਲਈ ਨਵੀਂ ਡ੍ਰੈਸ ਬਣਾਉਣ ਲਈ ਨਮੂਨਾ ਬੜਾ ਮਦਦਗਾਰ ਹੁੰਦਾ ਹੈ। ਪੈਂਤੀ ਸਿੱਖਣ ਵਾਲਾ ਇਕ ਸਕੂਲੀ ਬੱਚਾ ਆਪਣੇ ਉਸਤਾਦ ਵੱਲੋਂ ਦਿੱਤੇ ਨਮੂਨੇ ਦੀ ਨਕਲ ਕਰਦਾ ਹੈ। ਯਿਸੂ ਇਕ ‘‘ਨਮੂਨਾ’’ ਦੇ ਗਿਆ ਹੈ ਕਿ ਮਸੀਹੀ ਲੋਕ ‘‘ਉਹਦੀ ਪੈੜ ਉੱਤੇ’’ ਚੱਲਣ (1 ਪਤਰਸ 2:21)।

### ਪੁਰਾਣੇ ਨੇਮ ਵਿਚ ਖ਼ੁਦਾ ਵੱਲੋਂ ਦਿੱਤੇ ਗਏ ਨਮੂਨੇ

ਕਈ ਆਧੁਨਿਕ ਪ੍ਰਚਾਰਕਾਂ ਵੱਲੋਂ ‘‘ਪੈਟਰਨ ਥਿਓਲੋਜੀ’’ ਦੇ ਰੂਪ ਵਿਚ ਪੁਰਾਣੇ ਪ੍ਰਚਾਰਕਾਂ ਦੀ ਨਹੀਂ ਬਲਕਿ ਖ਼ੁਦਾ ਦੀ ਨਿੰਦਾ ਕੀਤੀ ਗਈ ਹੈ। ਖ਼ੁਦਾ ਨੇ ਹਾਬਲ ਦੇ ਵਕਤ ਤਕ ਬੰਦਗੀ ਦਾ ਇਕ ਨਮੂਨਾ ਦੇ ਦਿੱਤਾ ਸੀ। ਕਿਉਂਕਿ ਹਾਬਲ ਨੇ ਵਿਸ਼ਵਾਸ ਨਾਲ ਕੁਰਬਾਨੀ ਚੜ੍ਹਾਈ ਸੀ (ਇਬਰਾਨੀਆਂ 11:4) ਅਤੇ ਵਿਸ਼ਵਾਸ ਵਚਨ ਨੂੰ ਸੁਣਨ ਨਾਲ ਆਉਂਦਾ ਹੈ (ਰੋਮੀਆਂ 10:17), ਇਸ ਕਰਕੇ ਇਹ ਸਾਫ਼ ਹੈ ਕਿ ਖ਼ੁਦਾ ਨੇ ਬਨਸਪਤੀ ਦੀ ਨਹੀਂ ਬਲਕਿ ਜਾਨਵਰਾਂ ਦੀ ਕੁਰਬਾਨੀ ਲਿਆਉਣ ਲਈ ਕਿਹਾ ਸੀ (ਉਤਪਤ 4:4)।

ਜਾਨਵਰਾਂ ਅਤੇ ਲਹੂ ਦੀਆਂ ਕੁਰਬਾਨੀਆਂ ਦੇ ਨਮੂਨੇ ਦੀ ਸ਼ੁਰੂਆਤ ਇਸ ਤਰ੍ਹਾਂ ਹੋਈ ਅਤੇ ਨੂਹ, ਅਬਰਾਹਾਮ, ਇਸਹਾਕ ਅਤੇ ਯਾਕੂਬ ਇਸ ਦਾ ਪਾਲਣ ਕਰਦੇ ਰਹੇ (ਉਤਪਤ 8:20; 12:7, 8; 26:23–25; 31:54)। ਇਸਰਾਏਲ ਨਾਲ ਬੰਨ੍ਹੇ ਗਏ ਮੂਸਾ ਦੇ ਨੇਮ ਵਿਚ ਵੀ ਲਹੂ ਦੀਆਂ ਕੁਰਬਾਨੀਆਂ ਜ਼ਰੂਰੀ ਸਨ (ਲੇਵੀਆਂ ਦੀ ਪੋਥੀ 16:1–34)। ਯਿਸੂ ਲਈ ਇਕ ਮਨੁੱਖੀ ''ਦੇਹ'' ਤਿਆਰ ਕੀਤੇ ਜਾਣ ਤੇ ਇਸ ਇੰਤਜ਼ਾਮ ਦਾ ਸ਼ਿਖਰ ਆਇਆ ਤਾਂ ਜੋ ''ਆਪਣੇ ਹੀ ਲਹੂ ਦੇ ਰਾਹੀਂ'' ਉਹ ਖ਼ੁਦਾ ਦਾ ਲੇਲਾ ਬਣੇ ''ਜਿਹੜਾ ਜਗਤ ਦਾ ਪਾਪ ਚੁੱਕ ਲੈ ਜਾਂਦਾ ਹੈ (ਯੂਹੰਨਾ 1:29; ਇਬਰਾਨੀਆਂ 9:12; 10:5)।

ਨੂਹ ਨੂੰ ਬੇੜਾ ਬਣਾਉਣ ਲਈ ਲੱਕੜ ਦੀ ਕਿਸਮ, ਅਕਾਰ, ਮੰਜਲਾਂ, ਖਿੜਕੀ ਅਤੇ ਹੋਰ ਸਭ ਹਦਾਇਤਾਂ ਖ਼ੁਦਾ ਨੇ ਹੀ ਦਿੱਤੀਆਂ ਸਨ। ਨੂਹ ਦੇ ਕੰਮ ਦੀ ਤਾਰੀਫ਼ ਕੀਤੀ ਗਈ ਕਿਉਂਕਿ ਉਸ ਨੇ ਉਸੇ ਨਮੂਨੇ ਦਾ ਪਾਲਣ ਕੀਤਾ ਸੀ (ਉਤਪਤ 6:14–16, 22)। ਤੰਬੂ ਬਣਾਉਂਦਿਆਂ ਮੂਸਾ ਨੇ ਖ਼ੁਦਾ ਵੱਲੋਂ ਉਸ ਨੂੰ ਪਹਾੜ ਉੱਤੇ ਦਿੱਤੇ ''ਨਮੂਨੇ'' (ਇਬਰਾਨੀ ਵਿਚ *tabhnith* ਅਤੇ ਯੂਨਾਨੀ ਵਿਚ *tupos*) ਦੇ ਬਗੈਰ ਕੰਮ ਨਹੀਂ ਕੀਤਾ ਸੀ (ਕੂਚ 25:9, 40; 26:30; ਇਬਰਾਨੀਆਂ 8:5)।

ਇਸੇ ਤਰ੍ਹਾਂ ਯਹੋਵਾਹ ਨੇ ''ਆਤਮਾ ਦੇ ਰਾਹੀਂ'' ਦਾਊਦ ਨੂੰ ਹੈਕਲ ਬਣਾਉਣ ਲਈ ਇਕ ਨਕਸ਼ਾ ਦਿੱਤਾ ਸੀ (1 ਇਤਿਹਾਸ 28:12)। ਦਾਊਦ ਨੇ ਕਿਹਾ, ''ਇਸ ਸਾਰੀ ਲਿਖਤ ਨਾਲ ਯਹੋਵਾਹ ਨੇ ਆਪਣੇ ਹੱਥ ਦੇ ਰਾਹੀਂ ਜੋ ਮੇਰੇ ਉੱਤੇ ਸੀ ਇਸ ਨਕਸ਼ੇ ਦੇ ਸਾਰੇ ਕੰਮ ਮੈਨੂੰ ਸਿਖਾਏ'' (1 ਇਤਿਹਾਸ 28:19)।

ਦਾਊਦ ਨੂੰ ਆਪ ਤਾਂ ਹੈਕਲ ਬਣਾਉਣ ਦੀ ਇਜਾਜ਼ਤ ਨਹੀਂ ਮਿਲੀ ਸੀ ਪਰ ਉਸ ਨੇ ਕਿਹਾ ਕਿ ''ਮੈਂ ਤਾਂ ਆਪਣੀ ਸ਼ਾਰੀ ਸ਼ਕਤੀ ਨਾਲ'' ਇਹਦੇ ਲਈ ''ਤਿਆਰੀ ਕੀਤੀ ਹੈ'' (1 ਇਤਿਹਾਸ 29:2)। ਆਪਣੇ ਪੁੱਤਰ ਸੁਲੇਮਾਨ ਨੂੰ ਨਕਸ਼ਾ ਦੇਣ ਤੋਂ ਪਹਿਲਾਂ ਉਸ ਨੇ ''ਖਾਨ ਤੇ ਤਿਆਰ ਕੀਤੇ ਹੋਏ'' ਪੱਥਰ ਉਸ ਨੂੰ ਦਿੱਤੇ (1 ਇਤਿਹਾਸ 28:11; 1 ਰਾਜਿਆਂ 6:7)। ਸੁਲੇਮਾਨ ਨੇ ਉਸੇ ਨਮੂਨੇ ਮੁਤਾਬਿਕ ਐਨੀ ਚੌਕਸੀ ਨਾਲ ਕੰਮ ਕੀਤਾ ਕਿ ''ਭਵਨ ਦੇ ਬਣਾਉਣ ਵਿਚ ਨਾ ਉੱਥੇ ਤੇਸੀ ਨਾ ਬਸੂਲੀ ਨਾ ਲੋਹੇ ਦੇ ਕਿਸੇ ਹੋਰ ਸੰਦ ਦੀ ਅਵਾਜ਼ ਸੁਣਾਈ ਦਿੰਦੀ ਸੀ'' (1 ਰਾਜਿਆਂ 6:7)।

## ਨਵੇਂ ਨੇਮ ਵਿਚ ਖ਼ੁਦਾ ਵੱਲੋਂ ਦਿੱਤੇ ਗਏ ਨਮੂਨੇ

ਖ਼ੁਦਾ ਆਪਣੇ ਲੋਕਾਂ ਨੂੰ ਮੰਨਣ ਲਈ ਹਮੇਸ਼ਾ ਇਕ ਨਮੂਨਾ ਦਿੰਦਾ ਹੈ। ਜਿਵੇਂ ਉਹ ਸੁਲੇਮਾਨ ਦੀ ਹੈਕਲ ਦਾ ਬਣਾਉਣ ਵਾਲਾ ਸੀ, ਉਵੇਂ ਹੀ ਉਹ ਇਕ ਹੋਰ ਹੈਕਲ ਦਾ ਬਣਾਉਣ ਵਾਲਾ ਵੀ ਸੀ ਜਿਹੜੀ ਉਸ ਨੇ ਬਣਾਈ, ਜਿਹੜਾ ''ਸੁਲੇਮਾਨ ਨਾਲੋਂ ਵੀ ਇਕ ਵੱਡਾ ਹੈ'' (ਮੱਤੀ 12:42)। ਯਿਸੂ ਨੇ ਐਲਾਨ ਕੀਤਾ ਕਿ ਉਹ ਚਰਚ ਦੀ ਬਿਲਡਿੰਗ (ਭਾਵ ''ਬੰਦਗੀ ਕਰਨ ਲਈ ਬਣਾਇਆ ਗਿਰਜਾ'') ਨਹੀਂ ਬਲਕਿ ਲੋਕਾਂ ਨਾਲ ਬਣਨ ਵਾਲੀ ਇਮਾਰਤ ਬਣਾਵੇਗਾ, ਜਿਹਦੇ ਲਈ ਕਿਹਾ ਜਾਣਾ ਸੀ ਕਿ ''ਤੁਸੀਂ ... ਪਰਮੇਸ਼ੁਰ ਦਾ ਭਵਨ ਹੋ'' (1 ਕੁਰਿੰਥੀਆਂ 3:9)। ਜਿਸ ਕਰਕੇ ਯਿਸੂ ਦੀ ਹੈਕਲ ਸੰਗਮਰਮਰ ਦੇ ''ਬਹੁਮੁੱਲੇ ਪੱਥਰ'' ਜਾਂ ''ਦਿਆਰ ਦੀ ਲੱਕੜ'' (1 ਰਾਜਿਆਂ 5:17; 6:10) ਨਾਲ ਨਹੀਂ ਬਲਕਿ ਜੀਉਂਦੇ ਪੱਥਰਾਂ (1 ਪਤਰਸ 2:5) ਨਾਲ ਬਣਨੀ ਸੀ। ਉਸ ਇਮਾਰਤ ਨੂੰ ਬਣਾਉਣ ਲਈ ''ਪ੍ਰੇਮ'' ਉਹ ਗਾਰਾ ਹੈ ''ਜਿਹੜਾ ਸੰਪੂਰਣਤਾਈ ਦਾ ਬੰਧ ਹੈ'' (ਕੁਲੁੱਸੀਆਂ 3:14)।

ਕਿੰਨੀ ਅਨੋਖੀ ''ਇਮਾਰਤ'' ਹੈ! ਸਮੂਹਕ ਤੌਰ ਤੇ ਸਭ ਮਸੀਹੀ ਲੋਕਾਂ ਨੂੰ ਇਹ ਕਹਿਣ ਦਾ ਸੁਭਾਗ ਮਿਲਿਆ ਹੈ ਕਿ ''ਅਸੀਂ ਤਾਂ ਜੀਉਂਦੇ ਪਰਮੇਸ਼ੁਰ ਦੀ ਹੈਕਲ ਹਾਂ ਜਿਵੇਂ ਪਰਮੇਸ਼ੁਰ ਦੇ ਵਚਨ ਕੀਤਾ– 'ਮੈਂ ਉਨ੍ਹਾਂ ਵਿਚ ਵਾਸ ਕਰਾਂਗਾ' ਅਤੇ 'ਫਿਰਿਆ ਕਰਾਂਗਾ' '' (2 ਕੁਰਿੰਥੀਆਂ 6:16; ਵੇਖੋ ਅਫ਼ਸੀਆਂ 2:20–22)। ਪੌਲੁਸ ਨੇ ਮਸੀਹੀ ਲੋਕਾਂ ਨੂੰ ਲਿਖਿਆ ਕਿ ''ਪਰਮੇਸ਼ੁਰ ਦੀ ਹੈਕਲ ਪਵਿੱਤਰ ਹੈ ਅਤੇ ਇਹ ਤੁਸੀਂ ਹੋ'' (1 ਕੁਰਿੰਥੀਆਂ 3:17)।

ਹੈਰਾਨੀ ਦੀ ਗੱਲ ਹੈ ਕਿ ਮਸੀਹੀ ਲੋਕ ਸਮੂਹਕ ਤੌਰ ਤੇ ਨਹੀਂ ਬਲਕਿ ਇਕ ਇਕ ਕਰਕੇ ਵੀ

ਪ੍ਰਭੂ ਦੀ ਹੈਕਲ ਹਨ ਕਿਉਂਕਿ ਹਰ ਮਸੀਹੀ ਆਦਮੀ ਦੀ ਜਿਸਮਾਨੀ ਦੇਹ ''ਪਵਿੱਤਰ ਆਤਮਾ ਦੀ ਹੈਕਲ ਹੈ'' (1 ਕੁਰਿੰਥੀਆਂ 6:19)।

ਭਲਾ ਇਸ ਅਨੋਖੀ ਇਮਾਰਤ ਦਾ ਕੋਈ ਨਕਸ਼ਾ ਹੈ? ਜਿਵੇਂ ਹਾਬਲ ਦੀ ਕੁਰਬਾਨੀ, ਨੂਹ ਦਾ ਬੇੜਾ, ਮੂਸਾ ਦਾ ਤੰਬੂ ਅਤੇ ਸੁਲੇਮਾਨ ਦੀ ਹੈਕਲ ਬਣਾਉਣ ਲਈ ਹਦਾਇਤਾਂ ਸੁਰਗ ਵੱਲੋਂ ਮਿਲੀਆਂ ਸਨ ਉਵੇਂ ਹੀ ਖ਼ੁਦਾ ਦੀ ਰੂਹਾਨੀ ਹੈਕਲ ਜਿਸ ਨੂੰ ਆਮ ਤੌਰ ਤੇ ''ਕਲੀਸੀਆ'' ਆਖਿਆ ਜਾਂਦਾ ਹੈ, ਨੂੰ ਬਣਾਉਣ ਦੀਆਂ ਹਦਾਇਤਾਂ ਵੀ ਸੁਰਗ ਵੱਲੋਂ ਮਿਲੀਆਂ ਸਨ। ਇਹ ਹਦਾਇਤਾਂ ਮਸੀਹ ਵਲੋਂ ਰਸੂਲਾਂ ਨੂੰ ਸੁਰਗ ਵੱਲੋਂ ਦਿੱਤੀਆਂ ਗਈਆਂ ਸਨ। ਮਸੀਹੀਅਤ ਦੇ ''ਆਰੰਭ'' ਦਾ ਪਹਿਲਾਂ ਤੋਂ ਅੰਦਾਜ਼ਾ ਲਾ ਕੇ (30 ਈਸਵੀ, ਰਸੂਲਾਂ ਦੇ ਕੰਮ 2:1–47; 11:15), ਯਿਸੂ ਨੇ ਬਾਰਾਂ ਰਸੂਲਾਂ ਵਿਚ ਕਲੀਸੀਆ ਲਈ ਪਿਤਾ ਦਾ ਨਮੂਨਾ ਦੱਸ ਦਿੱਤਾ ਸੀ: ''ਮੈਂ ਤੁਹਾਨੂੰ ਸਤ ਆਖਦਾ ਹਾਂ, ਭਈ ਜੋ ਕੁਝ ਤੁਸੀਂ ਧਰਤੀ ਉੱਤੇ ਬੰਨ੍ਹੋਗੇ ਸੋ ਸੁਰਗ ਵਿਚ ਬੰਨ੍ਹਿਆ ਜਾਵੇਗਾ [(ਯੂ.: *estai dedemena*)]; ਅਤੇ ਜੋ ਕੁਝ ਤੁਸੀਂ ਧਰਤੀ ਉੱਤੇ ਖੋਲ੍ਹੋਗੇ ਸੋ ਸੁਰਗ ਵਿਚ ਖੋਲ੍ਹਿਆ ਜਾਵੇਗਾ [(ਯੂ.: *estai leleumena*)]'' (ਮੱਤੀ 18:18)।

ਰਸੂਲਾਂ ਵੱਲੋਂ ਕੁਝ ਵੀ ਕਹਿਣ ਜਾਂ ਲਿਖਣ ਤੋਂ ਪਹਿਲਾਂ, ਜੋ ਕੁਝ ਵੀ ਉਨ੍ਹਾਂ ਕਹਿਣਾ ਜਾਂ ਲਿਖਣਾ ਸੀ ਉਹ ਪਿਤਾ ਵੱਲੋਂ ਪਵਿੱਤਰ ਆਤਮਾ ਨੂੰ ਕਿਹਾ ਗਿਆ ਸੀ ਜਿਸ ਨੂੰ ਉਸ ਨੇ ਪੈਂਟੀਕਾਸਟ ਵਾਲੇ ਦਿਨ ਰਸੂਲਾਂ ਉੱਤੇ ਘੱਲਣਾ ਸੀ (ਯੂਹੰਨਾ 14:26; ਰਸੂਲਾਂ ਦੇ ਕੰਮ 1:8; 2:1–4)। ਆਤਮਾ ਨੇ ''ਆਪਣੇ ਵੱਲੋਂ'' ਕੁਝ ਨਹੀਂ ਕਹਿਣਾ ਸੀ, ਬਲਕਿ ਉਹੀ ਕਹਿਣਾ ਸੀ ਜੋ ਉਸਨੇ ਪਿਤਾ ਤੋਂ ਸੁਣਿਆ, ਇਹ ਉਸ ਨੇ ''ਸਾਰੀ ਸਚਿਆਈ ਵਿਚ'' ਰਸੂਲਾਂ ਦੀ ਅਗਵਾਈ ਲਈ ''ਕਹਿਣਾ'' ਸੀ (ਯੂਹੰਨਾ 16:13)।

ਰਸੂਲਾਂ ਨੇ ''ਨਵੀਂ ਸਰਿਸ਼ਟ'' ਤੋਂ ''ਬਾਰ੍ਹਾਂ ਸਿੰਘਾਸਣਾਂ'' ਉੱਤੇ ਬੈਠਣ ਵਾਲੇ ''ਰਾਜਦੂਤ'' ਹੋਣਾ ਸੀ (ਮੱਤੀ 19:28)। ਉਨ੍ਹਾਂ ਨੂੰ ''ਜਗਤ ਦੇ ਅੰਤ ਤਕ'' ''ਸੁਰਗ'' ਵੱਲੋਂ ''ਇਖ਼ਤਿਆਰ'' ਮਿਲਣਾ ਸੀ (ਮੱਤੀ 18:18; 28:20; 2 ਕੁਰਿੰਥੀਆਂ 5:20; ਵੇਖੋ 1 ਥੱਸਲੁਨੀਕੀਆਂ 2:6; ASV)। 30 ਈਸਵੀ ਵਾਲੇ ਪੈਂਟੀਕਾਸਟ ਦੇ ਦਿਨ ਤੋਂ ਮਸੀਹ ਦੇ ਦੂਜੀ ਵਾਰ ਆਉਣ ਤਕ ''ਸਚਿਆਈ ਦੇ ਆਤਮਾ ਅਤੇ ਬਦਕਾਰੀ ਦੇ ਆਤਮਾ'' (1 ਯੂਹੰਨਾ 4:6) ਵਿਚ ਸਾਫ਼ ਫ਼ਰਕ ਦਾ ਪਤਾ ਸਿਰਫ਼ ''ਰਸੂਲਾਂ ਦੀ ਸਿੱਖਿਆ'' (ਰਸੂਲਾਂ ਦੇ ਕੰਮ 2:42) ਵਿਚ ਫ਼ਰਕ ਨੂੰ ਵੇਖ ਕੇ ਹੀ ਲਗਦਾ ਹੈ। ਅਜ ਸੰਸਾਰ ਵਿਚ ਰਸੂਲਾਂ ਦੀ ਸਿੱਖਿਆ ਸਿਰਫ਼ ਨਵੇਂ ਨੇਮ ਦੀਆਂ ਸਤਾਈ ਕਿਤਾਬਾਂ ਵਿੱਚੋਂ ਮਿਲ ਸਕਦੀ ਹੈ। ਪਿਤਾ ਦੀ ਇੱਛਾ ਅਤੇ ਸਮਝ ਨਾਲ, ਨਵਾਂ ਨੇਮ ਮੁਕੰਮਲ ਹਾਲਤ ਵਿਚ ਦਿੱਤਾ ਗਿਆ ਹੈ, ਭਾਵ ਉਸ ਨੂੰ ਬਦਲਣ ਦੀ ਕੋਈ ਲੋੜ ਨਹੀਂ ਹੈ ਅਤੇ ਉਹੀ ਆਖ਼ਰੀ ਹੈ (2 ਤਿਮੋਥਿਉਸ 3:17; 2 ਪਤਰਸ 1:3; ਗਲਾਤੀਆਂ 1:8, 9; ਯਹੂਦਾ 3)।

## ਖ਼ੁਦਾ ਵੱਲੋਂ ਦਿੱਤੇ ਗਏ ਨਮੂਨਿਆਂ ਨੂੰ ਠੁਕਰਾਇਆ ਗਿਆ

ਕੁਝ ਲੋਕ ਪਹਿਲੀ ਸਦੀ ਦੀ ਕਲੀਸੀਆ ਨੂੰ ਬਹਾਲ ਕਰਨ ਦੀ ਕੋਸ਼ਿਸ਼ ਵਿਚ ਨਵੇਂ ਨੇਮ ਵਿਚ ਜਾਣ ਦੇ ਖ਼ਿਆਲ ਦਾ ਠੱਠਾ ਉਡਾਉਂਦੇ ਹਨ। ਉਹ ਆਖਦੇ ਹਨ, ''ਤੁਸੀਂ ਕਿਹੜੀ ਕਲੀਸੀਆ ਬਹਾਲ ਕਰਨਾ ਚਾਹੁੰਦੇ ਹੋ? ਯਰੂਸ਼ਲਮ ਵਾਲੀ, ਜਿਸ ਵਿਚ ਇੰਜੀਲ ਦੇ ਪ੍ਰਚਾਰ ਦੇ ਜੋਸ਼ ਦੀ ਘਾਟ ਸੀ? ਜਾਂ ਕੁਰਿੰਥੁਸ ਦੀ ਕਲੀਸੀਆ ਨੂੰ ਜਿਸ ਵਿਚ ਐਨਾਂ ਵਿਭਚਾਰ ਸੀ ਕਿ ਪ੍ਰਭੂ ਭੋਜ ਵੇਲੇ ਕਲੀਸੀਆ ਦੀਆਂ ਬੰਦਗੀਆਂ ਵਿਚ ਲੋਕ ਮਤਵਾਲੇ ਹੋ ਜਾਂਦੇ ਸਨ?''

ਨਵਾਂ ਨੇਮ ਸਾਫ਼ ਦੱਸਦਾ ਹੈ ਕਿ ਖ਼ੁਦਾ ਨੂੰ ਕੀ ਮੰਜ਼ੂਰ ਹੈ ਅਤੇ ਉਸ ਨੇ ਪਹਿਲੀ ਸਦੀ ਦੀ ਹਰ ਕਲੀਸੀਆ ਵਿਚ ਕਿਸ ਗੱਲ ਨੂੰ ਕਬੂਲ ਨਹੀਂ ਕੀਤਾ ਸੀ। ਇਹ ਸਾਨੂੰ ਚੰਗੀਆਂ ਅਤੇ ਮਾੜੀਆਂ ਮਿਸਾਲਾਂ ਦਿੰਦਾ ਹੈ ਅਤੇ ਇਸ ਤਰੀਕੇ ਨਾਲ ਲਿਖਿਆ ਗਿਆ ਹੈ ਕਿ ਸਿੱਧੇ ਸਾਦੇ ਅਤੇ ਆਮ ਲੋਕ ''ਭਲੇ ਬੁਰੇ ਦੀ ਜਾਂਚ'' ਕਰ ਸਕਦੇ ਹਨ (ਇਬਰਾਨੀਆਂ 5:14)।

ਭਾਵੇਂ ਖ਼ੁਦਾ ਨੇ ਸ਼ੁਰੂ ਤੋਂ ਹੀ ਮਨੁੱਖ ਜਾਤੀ ਨੂੰ ਨਮੂਨੇ ਦੇ ਮੁਤਾਬਿਕ ਚੱਲਣ ਵਾਲੇ ਬਣਾਇਆ ਸੀ, ਪਰ ਸ਼ੁਰੂ ਤੋਂ ਹੀ ਕਾਇਨ ਤੋਂ ਲੈ ਕੇ ਅੱਜ ਤਕ ਨਮੂਨੇ ਨੂੰ ਰੱਦਣ ਵਾਲੇ ਵੀ ਮਿਲਦੇ ਹਨ (ਉਤਪਤ 4:5–7)। ਬਾਰ ਬਾਰ ਮਨੁੱਖ ਦਾ ਘਮੰਡ ਉਸ ਨੂੰ ਸੁਰਗ ਵੱਲੋਂ ਮਿਲੀਆਂ ਹਦਾਇਤਾਂ ਵੱਲੋਂ ਮੋੜਦਾ ਹੈ ਅਤੇ ਉਹ ਉਹੀ ਕਰਦਾ ਹੈ ਜੋ ''ਜੋ ਉਸ ਨੂੰ ਚੰਗਾ ਲਗਦਾ ਹੈ'' (ਨਿਆਈਆਂ 21:25)। ਯਿਰਮਿਯਾਹ ਦਾ ਪ੍ਰਚਾਰ ਸੀ ਕਿ ''ਆਦਮੀ ਦਾ ਰਾਹ ਉਹਦੇ ਵੱਸ ਵਿਚ ਨਹੀਂ ਹੈ'' ਕਿ ਨਾਸ਼ਵਾਨ ਮਨੁੱਖ ਆਪਣੇ ਕਦਮਾਂ ਨੂੰ ਰਾਹ ਦੱਸਣ ਦੇ ਯੋਗ ਨਹੀਂ ਹੈ (ਯਿਰਮਿਯਾਹ 10:23)। ਮਨੁੱਖ ਦੀ ਹਉਮੈਂ ਬਹਿਸ ਕਰਦੀ ਹੈ, ''ਮਨੁੱਖ ਸਭ ਚੀਜ਼ਾਂ ਦਾ ਮਾਪ ਹੈ।''[1]

ਰਸੂਲੀ ਚਿਤਾਵਨੀ ''ਆਪਣੀ ਜਾਂਚ ਵਿਚ ਸਿਆਣੇ ਨਾ ਬਣ ਬੈਠੋ'' (ਰੋਮੀਆਂ 12:16) ਨੂੰ ਆਮ ਤੌਰ ਤੇ ਅਣਗੌਲਿਆ ਕਰ ਦਿੱਤਾ ਜਾਂਦਾ ਹੈ। ਮਨੁੱਖ ਦੀ ਆਪਣੀ ਸਮਝ ਦੇ ਕਾਰਣ ਹੀ ਮਾਨਵਤਾਵਾਦੀਆਂ ਨੇ ਲਿਖਿਆ ਹੈ, ''ਈਸ਼ੁਰਵਾਦ ਦਾ ਸਮਾਂ ਲੰਘ ਗਿਆ ਹੈ''[2]; ''ਕੋਈ ਰੱਬ ਸਾਨੂੰ ਬਚਾਵੇਗਾ ਨਹੀਂ; ਆਪਣਾ ਬਚਾਅ ਸਾਨੂੰ ਆਪੇ ਕਰਨਾ ਪਵੇਗਾ।''[3]

ਇਹ ਮੰਨਣ ਦੇ ਬਾਵਜੂਦ ਕਿ ਖ਼ੁਦਾ ਹੈ, ਕੁਝ ਲੋਕ ਮਸੀਹ ਦਾ ਇਨਕਾਰ ਕਰਦੇ ਹਨ। ਉਨ੍ਹਾਂ ਦਾ ਦਾਅਵਾ ਹੈ ਕਿ ''ਮੁਕਤੀ ਸਿਰਫ਼ ਯਿਸੂ ਦੇ ਰਾਹੀਂ ਹੀ ਮੁਮਕਿਨ ਹੈ'' ਵਾਲੀ ਗੱਲ ''ਪਖੰਡ'' ਹੀ ਹੈ।

ਹੋਰ ਲੋਕ ਇਹ ਦਾਅਵਾ ਤਾਂ ਕਰਦੇ ਹਨ ਕਿ ਖ਼ੁਦਾ ਹੈ ਅਤੇ ਮੁਕਤੀ ਸਿਰਫ਼ ਮਸੀਹ ਦੇ ਰਾਹੀਂ ਹੀ ਹੈ, ਪਰ ਇੰਜੀਲ ਦੇ ਨਮੂਨੇ ਨੂੰ ਉਹ ਕਦੇ ਨਹੀਂ ਮੰਨਦੇ (2 ਥੱਸਲੁਨੀਕੀਆਂ 1:7–9)।[4] ਇਕ ਅਖੌਤੀ ਪ੍ਰਚਾਰਕ ਨੇ ਲਿਖਿਆ ਹੈ। ''ਮੇਰਾ ਮੰਨਣਾ ਹੈ ਕਿ ਡੁਬਕੀ ਨਾ ਲਏ ਨਿਹਕਲੰਕ ਲੋਕ ਹੇਮਸ਼ਾ ਲਈ ਬਚਾਏ'' ਜਾਣਗੇ।

ਇਸ ਤੋਂ ਇਲਾਵਾ ਸਭ ਨਮੂਨਿਆਂ ਨੂੰ ਠੁਕਰਾਉਣ ਵਾਲਿਆਂ ਦਾ ਮੰਨਣਾ ਹੈ ਕਿ ਕਿਸੇ ਦਾ ਵੀ ਨਾਸ਼ ਨਹੀਂ ਹੋਵੇਗਾ। ਉਹ ਇਹ ਸੋਚ ਕੇ ਕਿ ਖ਼ੁਦਾ ਬਹੁਤ ਭਲਾ ਹੈ ਅਤੇ ਪ੍ਰੇਮੀ ਹੈ ਜਿਹੜਾ ਕਿਸੇ ਨੂੰ ਵੀ ਨਰਕ ਵਿਚ ਨਹੀਂ ਭੇਜੇਗਾ, ਆਪਣੀ ਆਤਮਾ ਨੂੰ ਖ਼ਤਰੇ ਵਿਚ ਪਾਉਂਦੇ ਹਨ।

''ਭਲਾ ਤੂੰ ਬੰਦਿਆ, ਖ਼ੁਦਾ ਨਾਲ ਬਹਿਸ ਕਰਨ ਵਾਲਾ ਕੌਣ ਹੈਂ?'' (ਰੋਮੀਆਂ 9:20; NRSV)।

## ਸਾਰ

ਅੱਜ ਖ਼ੁਦਾ ਨੇ ਸਾਡੇ ਲਈ ਇਕ ਨਮੂਨਾ ਦਿੱਤਾ ਹੋਇਆ ਹੈ। ਸਾਨੂੰ ਚਾਹੀਦਾ ਹੈ ਕਿ ਉਸ ਬੱਚੇ ਵਰਗੇ ਨਾ ਬਣੀਏ ਜਿਹੜਾ ਆਪਣੇ ਉਸਤਾਦ ਦੀਆਂ ਗੱਲਾਂ ਉੱਤੇ ਧਿਆਨ ਨਾ ਦੇ ਕੇ ਬਿਨਾਂ ਅਰਥ ਦੇ ਅਸਪਸ਼ਟ ਲਿਖਦਾ ਰਹਿੰਦਾ ਹੈ। ਬਲਕਿ ਉਸ ਨਮੂਨੇ ਨੂੰ ਮੰਨਣ ਵਾਲੇ ਬਣੀਏ ਜਿਹੜਾ ਖ਼ੁਦਾ ਸਾਨੂੰ ਦਿੰਦਾ ਹੈ। ਉਹਦੀ ਮਰਜ਼ੀ ਇਹੀ ਹੈ ਕਿਸੇ ਦਾ ਵੀ ਨਾਸ਼ ਨਾ ਹੋਵੇ ਬਲਕਿ ਸਭ ਤੌਬਾ ਵੱਲ ਫਿਰਨ (2 ਪਤਰਸ 3:9)।

---

ਟਿੱਪਣੀਆਂ

[1]ਇਹ ਵਾਕ ਪੰਜਵੀਂ ਸਦੀ ਈ. ਪੂ. ਦੇ ਯੂਨਾਨੀ ਦਾਰਸ਼ਨਿਕ ਪ੍ਰੋਟੇਗੋਰਸ ਦਾ ਮੰਨਿਆ ਜਾਂਦਾ ਹੈ। [2]ਪੌਲ ਕਰਟਜ਼, ਸੰਪਾ. *ਹਿਉਮਨਿਸਟ ਮੈਨੀਫ਼ੈਸਟੋ 1 ਐਂਡ 2* (ਬਫੈਲੋ, ਨਿਊ ਯਾਰਕ: ਪਰਮੋਥਿਯੁਸ ਬੁਕਸ, 1973), 8 ਦਾ ਰੀਪ੍ਰਿੰਟ ''ਹਿਉਮਨਿਸਟ ਮੈਨੀਫ਼ੈਸਟੋ 1,'' *ਦ ਨਿਊ ਹਿਉਮਨਿਸਟ* (ਮਈ/ਜੂਨ 1933)। [3]ਪੌਲ ਕਰਟਜ਼, ਸੰਪਾ. *ਹਿਉਮਨਿਸਟ ਮੈਨੀਫ਼ੈਸਟੋ 1 ਐਂਡ 2* (ਬੁਫੈਲੋ, ਨਿਊ ਯਾਰਕ: ਪਰਮੋਥਿਯੁਸ ਬੁਕਸ, 1973), 16 ਦਾ ਰੀਪ੍ਰਿੰਟ ''ਹਿਉਮਨਿਸਟ ਮੈਨੀਫ਼ੈਸਟੋ 2,'' *ਦ ਨਿਊ ਹਿਉਮਨਿਸਟ* (ਸਿਤੰਬਰ/ਅਕਤੂਬਰ 1933)। [4]6:3, 4 ਵਿਚ ''ਸਿੱਖਿਆ *[ਡਾਕਟ੍ਰਿਨ]* ਦੇ ਉਸ ਸੰਚੇ'' ਦੀ ਵਿਆਖਿਆ ਦੇ ਨਾਲ ਨਾਲ ਰੋਮੀਆਂ 6:17 ਪੜ੍ਹੋ।